BC CHILDREN'S HOSPITAL
An agency of the Provincial Health Services Authority

ENDOCRINOLOGY & DIABETES UNIT
Endocrinology Clinic: (604) 875-2117
Fax: (604) 875-3231
endodiab.bcchildrens.ca

# CONGENITAL HYPOTHYROIDISM (PUNJABI)
# ਜਨਮ ਤੋਂ ਥਾਇਰੌਇਡ ਹਾਰਮੋਨਜ਼ ਦੀ ਕਮੀ

ਤੁਹਾਨੂੰ ਹੁਣੇ ਹੀ ਪਤਾ ਲੱਗਾ ਹੈ ਕਿ ਤੁਹਾਡੇ ਬੱਚੇ ਵਿਚ, ਜਨਮ ਤੋਂ ਥਾਇਰੌਇਡ ਹਾਰਮੋਨਜ਼ (CH) ਦੀ ਮਾਤਰਾ ਘੱਟ ਹੈ । ਬਣਾਉਟੀ ਥਾਇਰੌਇਡ ਹਾਰਮੋਨਜ਼ (ਇੱਕ ਛੋਟੀ ਜਿਹੀ ਮਿੱਠੀ ਗੋਲੀ) ਦੀ ਸਹੀ ਮਾਤਰਾ ਰੋਜ਼ਾਨਾ ਦੇ ਕੇ, ਖ਼ੂਨ ਟੈਸਟ ਤੇ ਬਾਕਾਇਦਾ ਜਾਂਚ ਪੜਤਾਲ ਨਾਲ CH ਨੂੰ ਠੀਕ ਰੱਖਿਆ ਜਾ ਸਕਦਾ ਹੈ। ਤੁਹਾਡਾ ਬੱਚਾ, ਕਿਸੇ ਵੀ ਹੋਰ ਸਿਹਤਮੰਦ ਬੱਚੇ ਵਾਂਗ ਵਧੇ ਫੁਲੇਗਾ।

## ਜਮਾਂਦਰੂ ਹਾਈਪੋਥਾਇਰੌਇਡਿਜ਼ਮ ਕੀ ਹੈ?

CH ਦਾ ਮਤਲਬ ਹੈ ਕਿ ਬੱਚੇ ਵਿਚ ਜਨਮ ਤੋਂ ਥਾਇਰੌਇਡ ਹਾਰਮੋਨਜ਼ ਦੀ ਮਾਤਰਾ ਘੱਟ ਹੈ। ਗਰਭ ਦੇ ਸ਼ੁਰੂ ਵਿਚ ਥਾਇਰੌਇਡ ਗਲੈਂਡ ਦਾ ਵਿਕਾਸ ਹੁੰਦਾ ਹੈ। ਇਹ ਅਜਿਹੇ ਹਾਰਮੋਨਜ਼ ਬਣਾਉਂਦਾ ਹੈ ਜਿਨ੍ਹਾਂ ਕਰਕੇ ਸਰੀਰ ਦੇ ਸਾਰੇ ਅੰਗ ਵਧਦੇ ਫੁਲਦੇ ਹਨ। ਦਿਮਾਗ ਦੇ ਵਿਕਾਸ ਲਈ ਇਹ ਖਾਸ ਤੌਰ ਤੇ ਜ਼ਰੂਰੀ ਹੈ। ਜੇਕਰ ਥਾਇਰੌਇਡ ਗਲੈਂਡ ਠੀਕ ਨਹੀਂ ਬਣਦਾ ਜਾਂ ਗਲਤ ਥਾਂ ਤੇ ਹੈ, ਇਹ ਚੋਖੇ ਸਾਰੇ ਥਾਇਰੌਇਡ ਹਾਰਮੋਨਜ਼ ਨਹੀਂ ਬਣਾਉਂਦਾ । ਐਸਾ 4000 ਵਿਚੋਂ ਲਗਪਗ ਇੱਕ ਬੱਚੇ ਵਿਚ ਵਾਪਰਦਾ ਹੈ। ਇਹ ਨਹੀਂ ਪਤਾ ਐਸਾ ਕਿਉਂ ਹੁੰਦਾ ਹੈ-ਮਾਪਿਆਂ ਨੇ ਇਸ ਦੇ ਹੋਣ ਲਈ ਕੁਝ ਨਹੀਂ ਕੀਤਾ ਹੁੰਦਾ।

## ਡਾਕਟਰਾਂ ਨੂੰ ਕਿਵੇਂ ਪਤਾ ਲਗਦਾ ਹੈ ਕਿ ਤੁਹਾਡੇ ਬੱਚੇ ਨੂੰ ਇਹ ਤਕਲੀਫ਼ ਹੈ?

ਸ਼ਾਰੇ ਬਚਿੱਆਂ ਦੇ ਖੁਨ ਦੀ ਜਾਂਚ ਜਨਮ ਤੋਂ ਬਾਦ ਜਲਦੀ ਹੀ ਕਰ ਲਈ ਜਾਂਦੀ ਹੈ। ਖੁਨ ਦੀ ਜਾਂਚ ਦੇ ਨਤੀਜੇ ਤੋਂ ਪਤਾ ਲਗਦਾ ਹੈ ਕਿ ਤੁਹਾਡੇ ਬੱਚੇ ਨੂੰ CH ਹੈ। ਡਾਕਟਰ ਇਹ ਟੈਸਟ ਦੁਬਾਰਾ ਕਰੇਗਾ ਤੇ ਤੁਹਾਡੇ ਬੱਚੇ ਦੇ ਥਾਇਰੌਇਡ ਗਲੈਂਡ ਬਾਰੇ ਹੋਰ ਜਾਣਕਾਰੀ ਲੈਣ ਲਈ ਸਕੈਨ ਜਾਂ ਅਲਟਰਾਸਾਊਂਡ ਦਾ ਇਸਤੇਮਾਲ ਵੀ ਕਰ ਸਕਦਾ ਹੈ।

## CH ਦਾ ਇਲਾਜ ਕਿਵੇਂ ਕੀਤਾ ਜਾਂਦਾ ਹੈ?

ਸ਼ਾਇਦ ਸਾਰੀ ਜ਼ਿੰਦਗੀ, ਤੁਹਾਡਾ ਬੱਚਾ ਬਨਾਉਟੀ ਥਾਇਰੌਇਡ ਹਾਰਮੋਨ ਰੋਜ਼ਾਨਾ ਲਵੇਗਾ। ਤਿੰਨ ਤੋਂ ਛੇ ਮਹੀਨੇ ਵਿਚ ਇਕ ਵਾਰ, ਇਹ ਜਾਣਨ ਲਈ ਕਿ ਖੁਰਾਕ ਬਿਲਕੁਲ ਸਹੀ ਮਾਤਰਾ ਵਿਚ ਹੈ, ਡਾਕਟਰ ਖ਼ੂਨ ਟੈਸਟ ਕਰੇਗਾ ਤੇ ਜਾਂਚ ਪੜਤਾਲ ਕਰੇਗਾ।

## ਬੱਚੇ ਨੂੰ ਤੁਸੀਂ ਗੋਲੀਆਂ ਕਿਵੇਂ ਦੇਂਦੇ ਹੋ?

ਗੋਲੀ ਨੂੰ ਪੀਸ ਕੇ ਅੱਧਾ ਚਮਚ ਛਾਤੀ ਦੇ ਦੁੱਧ, ਫਾਰਮੂਲਾ ਜਾਂ ਜਰਮ ਰਹਿਤ ਪਾਣੀ ਵਿਚ ਘੋਲ ਲਉ। ਸੋਇ-ਅਧਾਰਤ ਫਾਰਮੂਲਾ (ਜਿਵੇਂ ਕਿ ਆਇਸੋਮਿਲ®, ਅਲਸੋਇ® ਜਾਂ ਪਰੋਸੋਬੀ® ), ਗੋਲੀ ਨਾਲ ਮਿਲਾਉਣ ਲਈ ਇਸਤੇਮਾਲ ਨਾ ਕਰੋ । ਮੂੰਹ ਵਾਲੀ ਸਰਿੰਜ (ਬਿਨਾਂ ਸੂਈ ਤੋਂ), ਛੋਟਾ ਚਮਚ ਜਾਂ ਦਵਾ ਦੇਣ ਵਾਲਾ ਡਰਾਪਰ, ਬੱਚੇ ਨੂੰ ਘੋਲੀ ਹੋਈ ਗੋਲੀ ਦੇਣ ਲਈ ਇਸਤੇਮਾਲ ਕਰੋ। ਇਸ ਨੂੰ ਬੋਤਲ ਵਿਚ ਨਾ ਪਾਉ-ਸੰਭਵ ਹੈ ਬੱਚਾ ਸਾਰੀ ਬੋਤਲ ਨਾ ਪੀ ਸਕੇ ਤੇ ਥਾਇਰੌਇਡ ਹਾਰਮੋਨ ਦੀ ਠੀਕ ਮਾਤਰਾ ਉਸ ਅੰਦਰ ਨਾ ਜਾ ਸਕੇ। ਜਦੋਂ ਬੱਚਾ ਵੱਡਾ ਹੋ ਜਾਏ, ਤੁਸੀਂ ਗੋਲੀ ਉਸਦੇ ਮੂੰਹ ਵਿਚ ਪਾ ਸਕਦੇ ਹੋ ਤੇ ਫਿਰ ਉਸਨੂੰ ਬੋਤਲ ਜਾਂ ਛਾਤੀ ਨਾਲ ਦੁੱਧ ਦੇ ਦਿਓ ਤੇ ਉਹ ਸਾਰੀ ਗੋਲੀ ਲੰਘਾ ਲਵੇਗਾ। ਬੱਚੇ ਨੂੰ ਗੋਲੀ ਰੋਜ਼ਾਨਾ ਲੱਗਪਗ ਉਸੇ ਵਕਤ ਦਿਉ। ਜੇਕਰ ਤੁਹਾਨੂੰ ਗੋਲੀ ਦੇਣੀ ਭੁੱਲ ਜਾਏ, ਜਿਸ ਵੇਲੇ ਯਾਦ ਆਏ, ਉਸੇ ਵੇਲੇ ਦੇ ਦਿਉ। ਜੇਕਰ ਤੁਹਾਨੂੰ ਸਾਰਾ ਦਿਨ ਯਾਦ ਨਾ ਰਹੇ ਤਾਂ ਅਗਲੇ ਦਿਨ ਦੋ ਗੋਲੀਆਂ ਦਿਉ।

## ਕੀ ਬਨਾਉਟੀ ਥਾਇਰੌਇਡ ਹਾਰਮੋਨ ਦੇ ਕੋਈ ਹੋਰ ਅਸਰ ਹੁੰਦੇ ਹਨ?

ਜਦ ਖੁਰਾਕ ਦੀ ਮਾਤਰਾ ਸਹੀ ਹੈ, ਕੋਈ ਹੋਰ ਅਸਰ ਨਹੀਂ ਹੁੰਦੇ।

ਬਣਾਉਟੀ ਥਾਇਰੌਇਡ ਹਾਰਮੋਨ, ਕਈ ਟ੍ਰੇਡ ਮਾਰਕਾਂ ਵਿਚ ਆਉਂਦਾ ਹੈ ਜਿਵੇਂ ਕਿ Synthroid® ਤੇ Eltroxin®